# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਬਠਿੰਡਾ

ਵੱਲ:-

ਸਬੰਧਤ ਸਕੂਲ ਮੁੱਖੀ
ਜਿਲ੍ਹਾ ਬਠਿੰਡਾ

ਪੱਤਰ ਨੰਬਰ DSS/( )/2018/ਸਸ/495 ਮਿਤੀ: 13-08-2018

ਵਿਸ਼ਾ:- ਸਾਇੰਸ ਸਿਟੀ ਵਿਜਿਟ ਸਡਿਊਲ ਸਤੰਬਰ 2018(ਅੰਸ਼ਿਕ)

ਉਕਤ ਵਿਸ਼ੇ ਅਨੁਸਾਰ ਹੇਠ ਲਿਖੇ ਸਕੂਲ ਸਾਇੰਸ ਸਿਟੀ ਕਪੂਰਥਲਾ ਵਿਜ਼ਿਟ ਲਈ ਜਾਣਗੇ ।ਸਕੂਲ ਮੁੱਖੀ ਬਦਲਣ ਜਾਂ ਰਿਟਾਇਰ ਹੋਣ ਦੀ ਸੂਰਤ ਵਿੱਚ ਸਕੂਲ ਇੰਚਾਰਜ ਵਿਜ਼ਿਟ ਦਾ ਪ੍ਰਬੰਧ ਕਰਨਗੇ ।50 ਵਿਦਿਆਰਥੀਆਂ (6ਵੀਂ ਤੋ 9ਵੀਂ) ਨਾਲ ਕੇਵਲ ਦੋ ਅਧਿਆਪਕ ਜਾਣਗੇ ਅਤੇ ਕੋਈ ਬਾਹਰੀ ਵਿਦਿਆਰਥੀ/ਵਿਅਕਤੀ ਵਿਜ਼ਿਟ ਲਈ ਨਹੀ ਜਾਵੇਗਾ । ਬੱਸ ਚੱਲਣ ਦਾ ਸਮਾਂ ਸਵੇਰੇ 5:00 ਵਜੇ ਹੋਵੇਗਾ ਚੱਲਣ ਦਾ ਸਥਾਨ ਸਕੂਲ ਮੁਖੀ ਡਰਾਇਵਰ ਨਾਲ ਸਪੰਰਕ ਕਰਕੇ ਤੈਅ ਕਰਨਗੇ।ਸਕੂਲ ਮੁਖੀ ਵਿਜ਼ਿਟ ਤੋ ਇਕ ਦਿਨ ਪਹਿਲਾ ਹੇਠ ਲਿਖੇ ਨੰਬਰਾ ਤੇ ਸਪੰਰਕ ਕਰਕੇ ਪ੍ਰਬੰਧ ਮੁਕੰਮਲ ਕਰਨ ਉਪਰੰਤ ਨਿਮਨ ਹਸਤਾਖਰੀ ਨੂੰ ਫੋਨ ਨੰ: 9653800015 ਅਤੇ 9465546819 ਤੇ ਦਸਣ ਦੀ ਕ੍ਰਿਪਾਲਤਾ ਕਰਨ।

ਵਿਜ਼ਿਟ ਸਬੰਧੀ ਦੋ ਫੋਟੋ ਅਤੇ ਵਿਦਿਆਰਥੀਆਂ/ਅਧਿਆਪਕਾਂ ਦੀ ਗਿਣਤੀ ਮੇਲ ਆਈ ਡੀ dssbtisidhu@gmail.com ਤੇ ਭੇਜੀ ਜਾਵੇ ।

1. ਜਸਕਰਨ ਸਿੰਘ ਡਰਾਈਵਰ ਪੀ.ਆਰ.ਟੀ.ਸੀ 75085-11862/
2. ਜਗਜੀਤ ਸਿੰਘ ਡਿਊਟੀ ਇੰਸਪੈਕਟਰ ਪੀ.ਆਰ.ਟੀ.ਸੀ 98881-48631

| ਲੜੀ ਨੰ: | ਵਿਜ਼ਿਟ ਮਿਤੀ | ਸਪੰਰਕ ਨੰਬਰ | ਸਕੂਲ ਦਾ ਨਾਮ | ਵਿਦਿਆਰਥੀਆਂ ਦੀ ਗਿਣਤੀ |
|---|---|---|---|---|
| 1 | 15-9-18 | ਜਗਦੇਵ ਸਿੰਘ 98789-03278 | ਸਸਸ ਕਲਾਲਵਾਲਾ | 100 ਵਿਦਿਆਰਥੀ (2 ਬੱਸਾਂ) |
| 2 | 16-9-18 | ਗੁਰਦੀਪ ਸਿੰਘ 94170-24521 | ਸਹਸ ਗਾਟਵਾਲੀ | 100 ਵਿਦਿਆਰਥੀ (2 ਬੱਸਾਂ) |
| 3 | 17-9-18 | ਮਹੇਸ਼ ਕੁਮਾਰ 9023162627 | ਸਸਸ ਰਾਏਕੇਕਲਾਂ | 100 ਵਿਦਿਆਰਥੀ (2 ਬੱਸਾਂ) |
| 4 | 21-9-18 | ਭੀਮ ਸੈਨ 94177-78797 | ਸਸਸ ਸੇਖਪੁਰਾ | 100 ਵਿਦਿਆਰਥੀ (2 ਬੱਸਾਂ) |

ਜ਼ਿਲਾ ਸਿੱਖਿਆ ਅਫਸਰ(ਸ)
ਬਠਿੰਡਾ।

# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
## ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ,

ਪੰਜਵੀ ਮੰਜਿਲ, ਈ ਬਲਾਕ, ਸਿੱਖਿਆ ਭਵਨ, ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ
ਫੋਨ ਨੰ:0172-5212364 Website: www.ssapunjab.org

ਵੱਲ,

(1) ਡਾਇਰੈਕਟਰ, ਪੁਸ਼ਪਾ ਗੁਜ਼ਰਾਲ ਸਾਇੰਸ ਸਿਟੀ, ਕਪੂਰਥਲਾ।
(2) ਡਾਇਰੈਕਟਰ, ਟਰਾਂਸਪੋਰਟ ਵਿਭਾਗ, ਪੰਜਾਬ।
(3) ਐਮ.ਡੀ., ਪੀ.ਆਰ.ਟੀ.ਸੀ., ਪਟਿਆਲਾ।
(4) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਪੰਜਾਬ।
(5) ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, ਪੰਜਾਬ।
(6) ਸਮੂਹ ਸਕੂਲ ਮੁੱਖੀ, ਪੰਜਾਬ।

ਮੀਮੋ ਨੰ : ਸਸਅ/ਐਮਸੀ/2018/51650
ਮਿਤੀ : 12-09-2018

ਵਿਸ਼ਾ :- **ਪੁਸ਼ਪਾ ਗੁਜ਼ਰਾਲ ਸਾਇੰਸ ਸਿਟੀ, ਕਪੂਰਥਲਾ ਦੀ ਵਿਜ਼ਿਟ ਕਰਵਾਉਣ ਸਬੰਧੀ।**
ਹਵਾਲਾ :- **ਇਸ ਦੰਫ਼ਤਰ ਦੇ ਪੱਤਰ ਨੰ. ਸਸਅ/ਐਮਸੀ/2018/32271 ਮਿਤੀ 30.07.2018 ਸਬੰਧੀ।**

1.0 ਉਪਰੋਕਤ ਵਿਸ਼ੇ ਅਤੇ ਹਵਾਲੇ ਸਬੰਧੀ ਲਿਖਿਆ ਜਾਂਦਾ ਹੈ ਕਿ ਮਿਤੀ 14.09.18 ਤੋਂ ਮਿਤੀ 21.09.2018 ਤੱਕ ਸਰਕਾਰੀ ਹਾਈ ਅਤੇ ਸੀਨੀ. ਸੈਕੰਡਰੀ ਸਕੂਲਾਂ ਵਿੱਚ ਪੜ੍ਹਦੇ ਛੇਵੀਂ ਤੋਂ ਨੌਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪੁਸ਼ਪਾ ਗੁਜ਼ਰਾਲ ਸਾਇੰਸ ਸਿਟੀ, ਕਪੂਰਥਲਾ ਦੀ ਵਿਜ਼ਿਟ ਕਰਵਾਈ ਜਾਵੇ। ਇਸ ਵਿਜ਼ਿਟ ਅਧੀਨ ਰਾਜ ਦੇ ਹਰ ਜ਼ਿਲ੍ਹੇ ਤੋਂ ਦੋ ਬੱਸਾਂ ਜਿਸ ਵਿੱਚ 100 ਵਿਦਿਆਰਥੀ (50+50 ਵਿਦਿਆਰਥੀ) + 4 ਗਾਈਡ ਅਧਿਆਪਕ (2+2) ਪੁਸ਼ਪਾ ਗੁਜ਼ਰਾਲ ਸਾਇੰਸ ਸਿਟੀ, ਕਪੂਰਥਲਾ ਵਿਖੇ ਜਾਣਗੇ। ਲੜਕੀਆਂ ਦੇ ਨਾਲ ਇੱਕ ਮਹਿਲਾ ਅਧਿਆਪਕ ਦਾ ਜਾਣਾ ਜਰੂਰੀ ਹੋਵੇਗਾ।

2.0 ਮਹੀਨਾਵਾਰ ਭੇਜੇ ਜਾਣ ਵਾਲੀ ਵਿਦਿਆਰਥੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ:

| ਮਹੀਨਾ | ਮਿਤੀ. | ਦਿਨ | ਵਿਜ਼ਿਟ ਕੀਤੇ ਜਾਣ ਵਾਲੇ ਵਿਦਿਆਰਥੀਆਂ ਦੀ ਮਹੀਨਾਵਾਰ ਗਿਣਤੀ | ਵਿਸ਼ੇਸ਼ ਕਥਨ |
|---|---|---|---|---|
| ਸਤੰਬਰ | 14 ਸਤੰਬਰ ਤੋਂ 21 ਸਤੰਬਰ | 7 ਦਿਨ | 15400 | 19 ਸਤੰਬਰ 2018 ਨੂੰ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਿਤੀਆਂ ਦੀਆਂ ਚੋਣਾਂ ਕਾਰਨ ਇਸ ਦਿਨ ਇਹ ਵਿਜ਼ਿਟ ਨਹੀਂ ਕਰਵਾਈ ਜਾਵੇਗੀ। |

3.0 ਉੱਕਤ ਸਾਰਣੀ ਵਿੱਚ ਦਿੱਤੇ ਗਏ ਸ਼ਡਿਊਲ ਮੁਤਾਬਿਕ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ/ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਵੱਲੋਂ ਆਪਣੇ-ਆਪਣੇ ਜ਼ਿਲ੍ਹੇ ਦਾ ਦਾ ਸ਼ਡਿਊਲ (ਜਿਸ ਜਗ੍ਹਾ ਤੋਂ ਬੱਸ ਚਲਣੀ ਹੈ ਸਬੰਧੀ) ਮੁੱਖ ਦਫ਼ਤਰ ਨੂੰ ਯਾਤਰਾ ਸ਼ੁਰੂ ਹੋਣ ਤੋਂ ਇੱਕ ਹਫਤੇ ਪਹਿਲਾਂ ਈ-ਮੇਲ Id ssascience41@gmail.com ਰਾਹੀਂ ਮੁੱਹਈਆ ਕਰਵਾਉਣਾ ਅਤੇ ਟਰਾਂਸਪੋਰਟ ਵਿਭਾਗ ਦੀ ਈ ਮੇਲ punbuspunbus@yahoo.com ਅਤੇ ਪੀ.ਆਰ.ਟੀ.ਸੀ. ਦੀ ਈ ਮੇਲ ID prtc.chd@gmail.com , mdprtc@gmail.com ਰਾਹੀਂ ਭੇਜਣਾ ਯਕੀਨੀ ਬਣਾਇਆ ਜਾਵੇ।ਸ਼ਡਿਊਲ ਸਬੰਧਤ ਸਕੂਲ ਮੁੱਖੀਆਂ ਨੂੰ ਵੀ ਭੇਜਿਆ ਜਾਵੇ ਤਾਂ ਜੋ ਸਕੂਲ ਮੁੱਖੀ ਵੱਲੋਂ ਲੋੜੀਂਦੇ ਪ੍ਰਬੰਧ ਕਰ ਲਏ ਜਾਣ।

4.0 ਸਮੂਹ ਸਕੂਲ ਮੁੱਖੀਆਂ ਨੂੰ ਇਸ ਵਿਜ਼ਿਟ ਲਈ ਹੇਠ ਲਿਖੀਆਂ ਹਦਾਇਤਾਂ ਕਰਨੀਆਂ ਬਣਦੀਆਂ ਹਨ:

- ਵਿਦਿਆਰਥੀ ਆਪਣੀ ਸਕੂਲ ਦੀ ਵਰਦੀ ਵਿੱਚ ਹੋਣੇ ਚਾਹੀਦੇ ਹਨ।

- ਬੱਸ / ਵਾਹਨ ਦੇ ਚੱਲਣ ਵੇਲੇ ਵਿਦਿਆਰਥੀਆਂ ਦੀ ਹਾਜ਼ਰੀ ਇੱਕ ਰਜਿਸਟਰ ਵਿੱਚ ਮਾਰਕ ਕੀਤੀ ਜਾਵੇ ਅਤੇ ਇਸ ਵਿੱਚ ਸਾਰੇ ਵਿਦਿਆਰਥੀ ਦੇ ਦਸਤਖ਼ਤ ਕਰਵਾਏ ਜਾਣ।

5.0 ਸਮੂਹ ਵਿਦਿਆਰਥੀ ਆਪਣਾ ਦੁਪਹਿਰ ਦਾ ਖਾਣਾ/ਰਿਫਰੈਸ਼ਮੈਂਟ/ਪਾਣੀ ਆਦਿ ਆਪਣੇ ਨਾਲ ਲੈ ਕੇ ਜਾਣਗੇ।

6.0 ਬੱਸਾਂ ਦੇ ਬਿਲਾਂ ਦੀ ਅਦਾਇਗੀ ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ ਵੱਲੋਂ ਕੀਤੀ ਜਾਵੇਗੀ।

7.0 ਇਹ ਯਾਤਰਾ ਸ਼ਨੀਵਾਰ ਅਤੇ ਐਤਵਾਰ ਵਾਲੇ ਦਿਨ ਵੀ ਜਾਰੀ ਰਹੇਗੀ। ਕੇਵਲ ਗਜ਼ਟਿਡ ਛੁੱਟੀਆਂ ਵਿੱਚ ਇਹ ਯਾਤਰਾ ਨਹੀਂ ਕਾਰਵਾਈ ਜਾਵੇਗੀ।

8.0 ਹਰੇਕ ਸਬੰਧਤ ਸਕੂਲ ਮੁੱਖੀ ਵੱਲੋਂ ਬੱਚਿਆਂ ਦੀ ਲਿਸਟ ਬਣਾ ਕੇ ਅਤੇ ਇਸਨੂੰ ਤਸਦੀਕ ਕਰਕੇ ਗਾਈਡ ਅਧਿਆਪਕ ਨੂੰ ਦੇ ਦੇਣ ਤਾਂ ਜੋ ਪੀ.ਆਰ.ਟੀ.ਸੀ./ਟਰਾਂਸਪੋਰਟ ਨੂੰ ਟ੍ਰੈਵਲਿੰਗ ਕਲੇਮ ਦਾ ਖਰਚਾ ਵਸੂਲਣ ਵਿੱਚ ਕੋਈ ਸਮੱਸਿਆ ਨਾ ਆਵੇ। ਇਸ ਤੋਂ ਇਲਾਵਾ ਸਕੂਲ ਮੁੱਖੀ ਪੱਤਰ ਨਾਲ ਨੱਥੀ ਪ੍ਰੋਫਾਰਮੇ ਭਰ ਕੇ ਮੋਹਰ ਲਗਾ ਕੇ ਗਾਈਡ ਅਧਿਆਪਕ ਨੂੰ ਦੇਣ, ਤਾਂ ਜੋ ਗਾਈਡ ਅਧਿਆਪਕ ਇਹ ਪ੍ਰੋਫਾਰਮੇ ਪੁਸ਼ਪਾ ਗੁਜ਼ਰਾਲ ਸਾਇੰਸ ਸਿਟੀ, ਕਪੂਰਥਲਾ ਵਿਖੇ ਜਮ੍ਹਾਂ ਕਰਵਾ ਸਕੇ।

9.0 ਟਰਾਂਸਪੋਰਟ ਵਿਭਾਗ ਦੇ ਨੋਟੀਫਿਕੇਸ਼ਨ ਨੰ. 2/10/91-4 ਟੀ/935 ਮਿਤੀ 12 ਜੂਨ 2012 ਦੇ ਤਹਿਤ ਟਰਾਂਸਪੋਰਟ ਵਿਭਾਗ ਦੇ ਅਧੀਨ ਆਉਂਦੀ ਏਜੰਸੀ ਪੰਜਾਬ ਰੋਡਵੇਜ਼, ਪੀ.ਆਰ.ਟੀ.ਸੀ. ਅਤੇ ਪਨਬੱਸ ਦੀਆਂ ਬੱਸਾਂ ਜੋ ਕਿ ਬੱਚਿਆਂ ਨੂੰ ਸਾਇੰਸ ਸਿਟੀ ਲੈ ਕੇ ਆਉਣਗੀਆਂ ਅਤੇ ਵਾਪਸ ਛੱਡਣਗੀਆਂ, ਉਹਨਾਂ ਨੂੰ 4500 + ਤੇਲ ਦਾ ਖਰਚਾ (4.50 Km per litre) ਅਤੇ ਟੋਲ ਪਲਾਜ਼ਾ ਆਦਿ ਦੇ ਖਰਚੇ ਦਿੱਤੇ ਜਾਣਗੇ। ਇਸ ਤੋਂ ਇਲਾਵਾ ਸਾਇੰਸ ਸਿਟੀ ਵੱਲੋਂ ਲਿਆ ਗਿਆ ਪਾਰਕਿੰਗ ਦਾ ਖਰਚਾ ਵੀ ਵਸੂਲਿਆ ਜਾਵੇਗਾ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਟਰਾਂਸਪੋਰਟ ਵਿਭਾਗ ਨਾਲ ਕੀਤੀ ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਵਿਦਿਆਰਥੀਆਂ ਨੂੰ ਲੈ ਕੇ ਆਉਣ-ਜਾਣ ਵਾਲੀ ਬੱਸ ਵਾਪਸ ਆਪਣੇ ਡਿਪੂ ਵਿਖੇ ਨਹੀਂ ਜਾਵੇਗੀ, ਸਗੋਂ ਸਿੱਖਿਆ ਵਿਭਾਗ ਦੇ ਸ਼ਡਿਊਲ ਮੁਤਾਬਿਕ ਅਗਲੇ ਸਕੂਲ ਵਿੱਚ ਖੜੀ ਕੀਤੀ ਜਾਵੇਗੀ। ਉਪਰੋਕਤ ਬੱਸ ਸਿਰਫ਼ ਤੇਲ ਪਵਾਉਣ ਲਈ ਰਸਤੇ ਵਿੱਚ ਆਉਂਦੇ ਪੈਟਰੋਲ ਪੰਪ/ ਡਿਪੂ ਵਿਖੇ ਹੀ ਜਾਵੇਗੀ।

ਹੁਕਮਾਂ ਦੀ ਇੰਨ-ਬਿੰਨ ਪਾਲਣਾ ਬਣਾਈ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ